IJCRT.ORG ISSN : 2320-2882
INTERNATIONAL JOURNAL OF CREATIVE RESEARCH THOUGHTS (IJCRT)
An International Open Access, Peer-reviewed, Refereed Journal

# ਉਤਰੀ ਬਸਤੀਵਾਦ ਦਾ ਸਿਧਾਂਤ

**Gurpreet Kaur**

ਉੱਤਰ ਬਸਤੀਵਾਦ ਸਿਧਾਂਤ ਅੱਜ ਦੇ ਸਮੇਂ ਵਿਚ ਸਮਰਾਜਵਾਦ ਦੀ ਸਭਿਆਚਾਰਕ ਵਿਰਾਸਤ ਦਾ ਉਹ ਅਧਿਐਨ ਹੈ ਜੋ ਮੁੱਖ ਧਾਰਾ ਦੇ ਸਿਧਾਂਤਾ ਵਿਚੋਂ ਬਾਹਰ ਜਾ ਕੇ ਪ੍ਰਭਾਵਿਤ ਕਰਦਾ ਹੋਇਆ ਆਲੋਚਨਾਤਮਕ ਸੋਚ ਨੂੰ ਪੈਦਾ ਕਰਦਾ ਹੈ। ਉੱਤਰ ਬਸਤੀਵਾਦ ਸਿਧਾਂਤ ਦੀ ਵਿਭਿੰਨਤਾ ਇਸ ਗਲ ਵਿਚ ਹੈ ਕਿ ਇਹ ਇਤਿਹਾਸ, ਸਭਿਆਚਾਰ, ਸਾਹਿਤ, ਸੰਗੀਤ, ਪ੍ਰਵਾਸ, ਕਲਾ, ਨਕਸਲਵਾਦ, ਗੁਲਾਮੀ, ਰਾਸ਼ਟਰਵਾਦ ਆਦਿ ਵਰਗੇ ਵਿਸ਼ਿਆਂ ਤੇ ਆਪਣਾ ਪ੍ਰਭਾਵ ਪਾਉਂਦਾ ਨਜ਼ਰ ਆਉਂਦਾ ਹੈ। ਇਨ੍ਹਾਂ ਵਿਸ਼ਿਆਂ ਦੇ ਨਾਲ-ਨਾਲ ਉੱਤਰ ਬਸਤੀਵਾਦ ਯੂਰੋਪੀ ਸਾਮਰਾਜੀ ਸ਼ਕਤੀ ਦੇ ਪ੍ਰਭਾਵਾਂ ਦਾ ਇਕ ਮਹੱਤਵਪੂਰਣ ਸਿਧਾਂਤਕ ਵਿਸ਼ਲੇਸ਼ਣ ਹੈ। ਇਹ ਸਿਧਾਂਤ ਬਦਲ ਰਹੀ ਸੰਸਾਰ ਦੀ ਸਥਿਤੀ, ਨਵੇਂ ਸਿਧਾਂਤ, ਨਵੀਆਂ ਆਲੋਚਨਾ ਪ੍ਰਣਾਲਿਆਂ ਤੋਂ ਲੈ ਕੇ ਆਪਣੀ ਹੋਂਦ ਨੂੰ ਗ੍ਰਹਿਣ ਕਰਦਾ ਹੈ। ਇਸ ਤਰ੍ਹਾਂ ਉਤਰ ਬਸਤੀਵਾਦ ਆਧੁਨਿਕਤਾਵਾਦ ਦਾ ਨਮੂਨਾ ਹੈ ਜਿਸ ਨਾਲ ਕਈ ਧਾਰਾਵਾਂ ਅਤੇ ਵਿਧੀਆਂ ਨੂੰ ਸਾਂਝਾ ਕੀਤਾ ਜਾ ਸਕਦਾ ਹੈ। ਆਮ ਤੌਰ ਤੇ ਇਹ ਸਿਧਾਂਤ ਬਸਤੀਵਾਦ ਦੇ ਬਾਅਦ ਆਉਣ ਵਾਲੀ ਪ੍ਰਣਾਲੀ ਦਾ ਵਰਨਣ ਕਰਨ ਦੀ ਬਜਾਏ। ਬਸਤੀਵਾਦ ਸੋਚ ਦਾ ਵਿਚਾਰਧਾਰਕ ਜਵਾਬ ਦਰਸਾਉਂਦਾ ਹੈ।

ਉੱਤਰ ਬਸਤੀਵਾਦ (Post Colonialism) ਨੂੰ ਸਮਝਣ ਲਈ ਸਭ ਤੋਂ ਪਹਿਲਾ ਸਾਨੂੰ ਉੱਤਰ (Post) ਸ਼ਬਦ ਨੂੰ ਸਮਝਣਾ ਜ਼ਰੂਰੀ ਹੈ। ਉੱਤਰ ਸ਼ਬਦ ਉੱਤਰ-ਸਰੰਚਨਾਵਾਦ ਉੱਤਰ ਆਧੁਨਿਕਤਾ ਅਤੇ ਉਤਰ ਬਸਤੀਵਾਦ ਆਦਿ ਵਿਚ ਇਸ ਨੂੰ ਪਹਿਲੀ ਲੋੜ ਵਾਂਗ ਸਥਾਪਿਤ ਕੀਤਾ ਗਿਆ ਹੈ। ਉੱਤਰ ਬਸਤੀਵਾਦ ਸ਼ਬਦ ਨੂੰ ਇਸ ਕਾਰਨ ਤਰਜੀਹ ਦਿੱਤੀ ਜਾ ਸਕਦੀ ਹੈ ਕਿਉਂਕਿ ਇਸ ਵਿਚ ਕਈ ਤਰ੍ਹਾਂ ਦੀਆਂ ਪਹੁੰਚਾ ਨੂੰ ਸ਼ਾਮਿਲ ਕਿਤਾ ਗਿਆ ਹੈ। ਭਾਵ ਇਹ ਹੈ ਕਿ ਇਸ ਦਾ ਅਧਿਐਨ ਬਸਤੀਵਾਦ ਦੇ ਮੁੱਖ ਪਹਿਲੂਆਂ ਅਤੇ ਉਸਦੇ ਵਿਆਪਕ ਪ੍ਰਭਾਵਾਂ ਉਤੇ ਆਧਾਰਿਤ ਹੈ। ਡੂੰਘੀ ਪੱਧਰ ਤੇ ਉੱਤਰ ਬਸਤੀਵਾਦ, ਬਸਤੀਵਾਦੀ ਪ੍ਰਣਾਲੀ ਦੀ ਇਤਿਹਾਸਕ ਪ੍ਰਥਾਵਾਂ, ਯੂਰੋਪੀਅਨ, ਕਲੋਨੀਆਂ ਅਤੇ ਸਮਰਾਜਵਾਦੀ ਦਬਦਬੇ ਦੀ ਨੀਂਹ ਉਪਰ ਆਧਾਰਿਤ ਹੈ।

ਬਸਤੀਵਾਦ ਉਸ ਸਮੇਂ ਵੱਲ ਸੰਕੇਤ ਕਰਦਾ ਹੈ ਜਦੋਂ ਯੂਰੋਪੀਅਨ ਸਮਰਾਜ ਦੀਆਂ ਬਸਤੀਆਂ ਰਾਜਨੀਤਿਕ ਪ੍ਰਭੂਸੱਤਾ ਹਾਸਲ ਕਰ ਗਈਆਂ ਸਨ। ਪਰ ਸਵੰਤਤਰ ਹੋਣ ਤੋਂ ਬਾਅਦ ਵੀ ਇਨ੍ਹਾਂ ਦੇਸ਼ਾਂ ਵਿਚ ਸ਼ੋਸ਼ਣ ਸ਼੍ਰੇਣੀ ਦੇ ਆਧਾਰ ਤੇ ਸ਼ਾਸਨ ਨੂੰ ਕਾਇਮ ਰੱਖਣ ਕਾਰਨ ਬਸਤੀਵਾਦ ਨੇ ਨਵ ਬਸਤੀਵਾਦ ਦਾ ਰੂਪ ਧਾਰਣ ਕਰ ਲਿਆ ਬਲਕਿ ਨਵ-ਬਸਤੀਵਾਦ

ਦੇ ਰੂਪ ਵਿਚ ਦੱਬਦਬਾ ਕਾਇਮ ਰਖਿਆ। ਇਸ ਲਈ ਅੱਜ ਸਾਹਿਤ ਵਿਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਧਾਰਣਾਵਾਂ ਨੂੰ ਉੱਤਰ ਬਸਤੀਵਾਦ ਆਪਣੇ ਅੰਦਰ ਧਾਰਨ ਕਰਨ ਦੀ ਸਮਰੱਥਾ ਰੱਖਦਾ ਹੈ ਜਿਸ ਨੂੰ ਬਸਤੀਵਾਦ ਤੋਂ ਉੱਤਰ ਬਸਤੀਵਾਦ ਦੀ ਪ੍ਰਕਿਰਿਆ ਦੱਸ ਕੇ ਲੋਕਾਂ ਦੇ ਸ਼ੋਸ਼ਣ ਅਤੇ ਆਦਾਨ-ਪ੍ਰਦਾਨ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਉੱਤਰ ਬਸਤੀਵਾਦ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਹੋਰ ਖੇਤਰਾਂ ਵਾਂਗ ਇਸ ਨੂੰ ਬਹੁਤ ਚੀਜ਼ਾਂ ਦੇ ਅਧਿਐਨ ਵਿਚ ਵਰਤਿਆ ਜਾਂਦਾ ਹੈ।

ਉੱਤਰ ਬਸਤੀਵਾਦ ਦੀ ਧਾਰਣਾ ਲਾਲ ਜੁੜੇ ਸਾਰੇ ਲੇਖਕਾਂ ਵਿਚ ਸਾਂਝਾ ਹੋਣ ਦੇ ਬਾਵਜੂਦ ਵੀ ਬਸਤੀਵਾਦ ਦੇ ਨਕਰਾਤਮਕ ਵਿਨਾਸ਼ਕਾਰੀ ਪ੍ਰਭਾਵਾਂ ਉੱਤੇ ਵੱਖੋਂ-ਵੱਖਰੇ ਮਤ ਹਨ। ਜਿਨ੍ਹਾਂ ਵਿਚੋਂ ਪ੍ਰਮੁੱਖ ਆਲੋਚਕਾਂ ਦੇ ਰੂਪ ਵਿਚ Edward said , Spivak , Homi K . Bhabha , John Mcleod , Simon During , Ella shohat ਆਦਿ ਹਨ।

ਸਭ ਤੋਂ ਪਹਿਲਾਂ ਅਸੀ Edward Said ਦੀ ਪੁਸਤਕ Orientalism ( 1978 ) ਰਾਹੀਂ ਉੱਤਰ ਬਸਤੀਵਾਦ ਦੇ ਸਿਧਾਂਤ ਨੂੰ ਸਮਝਣ ਦਾ ਯਤਨ ਕਰਦੇ ਹਾਂ। ਉਸ ਨੇ ਆਪਣੀ ਪੁਸਤਕ ਰਾਹੀਂ ਕਈ ਤਥਾਂ ਤੇ ਰੋਸ਼ਨੀ ਪਾਈ ਹੈ। ਉਹ ਸੰਸਾਰ ਦੇ ਪੂਰਬੀ ਅਤੇ ਪੱਛਮੀ ਦੇਸ਼ਾਂ ਦੀ ਸਭਿਆਚਾਰਕ ਅਤੇ ਰਾਜਨੀਤਿਕ ਸਮਝ ਨੂੰ ਦਰਸ਼ਾਉਂਦਾ ਹੋਈਆ ਪੂਰਬੀ ਰਾਸ਼ਟਰਾਂ ਨੂੰ Orientalism ਅਤੇ ਪੱਛਮੀ ਰਾਸ਼ਟਰਾਂ ਨੂੰ occidentalism ਦਾ ਨਾਂ ਦਿੰਦਾ ਹੈ। ਪੂਰਬੀ (Orientalism) ਦੇਸ਼ਾਂ ਵਿਚ ਅਰਬ, ਏਸ਼ਿਆ ਅਤੇ ਭਾਰਤ ਵਰਗੇ ਪਿਛੜੇ ਦੇਸ਼ ਅਤੇ ਪੱਛਮੀ (Occidentalism) ਭਾਗ ਵਿਚ ਯੂਰੋਪ, ਅਮੇਰੀਕਾ ਵਰਗੇ ਦੇਸ਼ਾਂ ਨੂੰ ਵੰਡਿਆ ਹੈ ਜੋ ਸਭਿਆਚਾਰਕ ਤੌਰ ਤੇ ਭਾਵੇਂ ਪੂਰਬੀ ਦੇਸ਼ਾਂ ਨਾਲੋਂ ਪਿੱਛੇ ਸਨ, ਪਰ ਰਾਜਨੀਤਿਕ ਅਤੇ ਤਕਨੀਕੀ ਸੋਚ ਵਿਚ ਹਮੇਸ਼ਾ ਅਗੇ ਰਹੇ। ਇਸ ਤਰ੍ਹਾਂ Orientalism ਨੂੰ ਪੱਛਮੀ ਦੇਸ਼ਾ ਰਾਹੀਂ ਪੈਦਾ ਕੀਤਾ ਗਿਆ। ਕਹਿਣ ਦਾ ਭਾਵ ਹੈ ਕਿ Orientalism ਪੱਛਮੀ ਦੇਸ਼ਾਂ ਦੀ ਉਹ ਸੋਚ ਹੈ ਜਿਸ ਰਾਹੀਂ ਉਨ੍ਹਾਂ ਪੁਨਰਨਿਰਮਾਣ ਅਤੇ ਪੂਰਬੀ ਦੇਸ਼ਾਂ ਨੂੰ ਕਿਸ ਤਰ੍ਹਾਂ ਦਬਾਇਆ ਜਾਵੇ ਵਾਲੀ ਰਾਜਨੀਤੀ ਦਾ ਨਿਮਰਾਣ ਕੀਤਾ। ਬਸਤੀਵਾਦ ਦਾ ਦੌਰ ਖਤਮ ਹੋਣ ਤੋਂ ਬਾਅਦ ਵੀ ਇਨ੍ਹਾਂ ਸਮਰਾਜਵਾਦੀ ਮੁਲਕਾਂ ਦੇ ਦਿਮਾਗ ਵਿਚ ਇਹ ਸੋਚ ਸੀ ਕਿ ਪੂਰਬੀ ਮੁਲਕਾਂ ਨੂੰ ਕਿਵੇਂ ਦਬਾਇਆ ਜਾਵੇ। ਆਪਣੀ ਇਕ ਹੋਰ ਪੁਸਤਕ 'Culture and Imparialism' (1993) ਵਿਚ ਉਹ ਉੱਤਰ ਬਸਤੀਵਾਦ ਦੇ ਇਤਿਹਾਸਕ ਵਿਕਾਸ ਨੂੰ ਉਲੀਕਦਾ ਹੈ। ਜਿਸ ਵਿਚ ਬਸਤੀਵਾਦੀ ਅਤੇ ਸਾਮਰਾਜੀ ਸਰੰਚਨਾ ਦੀ ਸੰਪੂਰਨ ਚਿੱਤਰ ਹਾਜ਼ਿਰ ਹੈ। ਪੂਰਬੀਵਾਦ, ਉਸਦੇ ਬਾਅਦ ਦੇ ਕੰਮਾਂ ਦੇ ਨਾਲ, ਸੱਤਾ ਪ੍ਰਤੀ ਸਚ ਬੋਲਦਾ, ਸਾਮਰਾਜਵਾਦ ਅਤੇ ਬਸਤੀਵਾਦ ਭਾਸ਼ਣਾ ਦੁਆਰਾ ਬਸਤੀਵਾਦੀ ਲੋਕਾਂ ਵਿਰੁਧ ਕੀਤੇ ਗਏ ਗੰਭੀਰ ਜੁਲਮਾਂ ਅਤੇ ਸਭਿਆਚਾਰਾਂ ਦਾ ਪਰਦਾਫਾਸ਼ ਕਰਨ ਲਈ ਸਈਦ ਦੀ ਜ਼ਬਰਦਸਤ ਪ੍ਰਤੀਬੱਧਤਾ ਨੂੰ ਦਰਸਾਉਂਦਾ ਹੈ। ਉਸ ਅਨੁਸਾਰ ਪੱਛਮੀ ਸਾਮਰਾਜੀ ਦੇਸ਼ਾ ਨੇ ਹਮੇਸ਼ਾ ਪੂਰਬ ਨੂੰ ਦਬਾਉਣ ਦੀ ਨਜ਼ਰ ਨਾਲ ਦੇਖਿਆ ਹੈ ਅਤੇ ਇਹ ਨਜ਼ਰੀਆ ਨਾ ਸਿਰਫ ਬਹੁਤ ਸਾਰੇ ਯਾਤਰੀਆਂ ਅਤੇ ਖੋਜਕਰਤਾਵਾਂ ਦੁਆਰਾ ਲਿਖੇ ਗਏ ਬਹੁਤ ਸਾਰੇ ਹਵਾਲਿਆਂ ਵਿਚ ਪ੍ਰਤੱਖ ਹੈ। ਸਈਦ ਨੇ ਅਰਬ ਅਤੇ ਇਸਲਾਮ ਦੇ 'ਐਂਗਲੋ-ਫੈਂਚ-ਅਮਰੀਕੀ ਤਜਰਬੇ' ਤੇ ਆਪਦੇ ਅਧਿਐਨ ਤੇ ਜੋਰ ਦਿੱਤਾ। ਉਹ ਅਰਬ-ਇਸਲਾਮੀ ਲੋਕਾਂ ਅਤੇ ਉਨਾਂ ਦੀਆਂ ਸਭਿਆਤਾਵਾਂ ਪ੍ਰਤੀ ਯੂਰੋਪੀਅਨ ਅਤੇ ਅਮਰੀਕੀ ਬਸਤੀਵਾਦੀ ਸਾਮਰਾਜੀ ਵਰਤੀਰੇ ਨੂੰ ਜਾਇਜ਼ ਠਹਿਰਾਉਂਦਾ ਹੋਇਆ ਵੇਖਦਾ ਹੈ ਕਿ ਪੂਰਬ ਉੱਤੇ ਯੂਰੋਪੀਅਨ ਬਸਤੀਵਾਦੀ ਸ਼ਾਸ਼ਨ ਨੇ ਪੂਰਬ ਦੇ ਸਭ ਤੋਂ ਵੱਧ ਜਾਪਦੇ ਉਦਸ਼ ਪਾਠ ਨੂੰ ਨਕਰਾਤਾਮਕ ਤੌਰ ਤੇ ਪ੍ਰਭਾਵਿਤ ਕੀਤਾ ਹੈ। ਸਈਦ ਅਨੁਸਾਰ ਵਰਤਮਾਨ ਅਤੀਤ ਦਾ ਸ਼ੀਸ਼ਾ ਹੈ। ਇਸ ਲਈ ਵਰਤਮਾਨ ਦੇ ਅਧਿਐਨ ਵਿਚ ਬਸਤੀਵਾਦੀ ਲੋਕਾਂ ਦਵਾਰਾ ਨਿਭਾਈ ਭੂਮਿਕਾ ਨੂੰ ਨਜ਼ਰ ਅੰਦਾਜ਼ ਕਰਨਾ ਬਹੁਤ ਗਲਤ ਹੋਵੇਗਾ। ਇਸ ਲਈ ਇੱਕ ਪਾਸੇ ਨਜ਼ਰੀਏ ਤੋਂ

ਬਸਤੀਵਾਦ ਦਾ ਅਧਿਐਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਬਸਤੀਵਾਦ ਅਤੇ ਬਸਤੀਵਾਦੀ ਲੋਕ ਇਤਿਹਾਸ ਨਾਲ ਜੁੜੇ ਹੋਏ ਹਨ। ਇਹ ਨਿਸਚਿਤ ਹੈ ਕਿ ਐਡਵਰਡ ਸਇਦ ਦੀ ਆਲੋਚਨਾਤਮਕ ਅਧਿਐਨ ਦੀ ਵਿਰਾਸਤ ਤੋਂ ਕਦੇ ਵਿਆਪਕ ਨਹੀਂ ਹੋ ਸਕਦਾ। ਉਸ ਦੀ ਇਹ ਉੱਤਰ ਬਸਤੀਵਾਦੀ ਆਲੋਚਨਾ ਵਿਰਾਸਤ ਦੇ ਤੌਰ ਤੇ ਹਮੇਸ਼ਾ ਬੋਧਿਕ ਵਿਰੋਧਤਾ ਦੇ ਰੂਪ ਵਿਚ ਵੇਖੀ ਜਾਵੇਗੀ।

ਉੱਤਰ ਬਸਤੀਵਾਦੀ ਪ੍ਰਭਾਵਸ਼ਾਲੀ ਆਲੋਚਕਾਂ ਵਿਚੋਂ ਇਕ ਗਾਈਤਰੀ Spivak ਹੈ। ਉਸਨੇ ਆਪਣੀ ਪਹਿਚਾਣ ਬਸਤੀਵਾਦ ਦੇ ਨਾਲ-ਨਾਲ ਨਾਰੀਵਾਦ, ਨਿਰਮਾਣ ਅਤੇ ਮਾਰਕਸਵਾਦ ਵਜੋਂ ਬਣਾਈ। ਸਪਾਈਵਾਕ ਦੇ ਸਿਧਾਂਤ ਲਈ ਬੁਨਿਆਦੀ ਧਾਰਦਾ ਸਬਅਲਟਰਨ ਦੀ ਹੈ। Subaltern ਇਕ ਫੌਜੀ ਸ਼ਬਦ ਹੈ ਜਿਸਦਾ ਅਰਥ ਹੈ “ਹੇਠਲਾ ਰੈਂਕ”। ਉਸਨੇ ਇਹ ਸ਼ਬਦ ਇਤਾਲਵੀ ਮਾਰਕਸਵਾਦੀ ਤੋਂ ਲਿਆ ਸੀ। ਉਸਦੇ ਲੇਖ "Can the Subaltern Speak" ਰਾਹੀਂ ਉਹ ਆਪਣੇ ਆਪ ਨੂੰ ਤੀਜੀ ਵਿਸ਼ਵ ਨਾਰੀ ਵਜੋਂ ਮਹਿਸੂਸ ਕਰਦੀ ਹੈ। ਉਹ ਆਪਣੇ ਲੇਖਾਂ ਰਾਹੀਂ ਵਿਅੰਗ ਕਰਦੀ ਹੋਈ ਪਰਦਾਫਾਸ਼ ਕਰਦੀ ਹੈ ਕਿ Subalterns ਬੇਇਨਸਾਫੀ ਦੇ ਦਬਦਬੇ ਰਾਹੀਂ ਆਪਣੇ ਅਧਿਕਾਰਾਂ ਦੀ ਚੇਤਨਾ ਪ੍ਰਤੀ ਜਾਗ ਪਏ ਹਨ। ਉਹ ਔਰਤਾਂ ਅਤੇ ਗੈਰ ਯੂਰੋਪੀਅਨ ਲੋਕਾਂ ਦੇ ਹੋਏ ਨੁਕਸਾਨ ਦੀ ਨਿੰਦਾ ਕਰਦੀ ਹੈ। ਉਹ ਉਨ੍ਹਾਂ ਉਪਨਗਰਾਂ ਦੇ ਹੱਕ ਵਿਚ ਬੋਲਦੀ ਹੈ ਜੋ ਆਪਣੇ ਹਿੱਤਾਂ ਦੀ ਰੱਖਿਆ ਲਈ ਨਹੀਂ ਬੋਲਦੇ ਅਤੇ ਨਾਲ ਹੀ ਸਤੀ ਪ੍ਰਥਾ ਦੇ ਲੇਖਕਾਂ ਦੀ ਘਾਟ ਬਾਰੇ ਵਿਅੰਗ ਕਰਦੀ ਹੋਈ , ਉਨ੍ਹਾਂ ਲੇਖਕਾਂ ਤੇ ਵਿਅੰਗ ਕੱਸਦੀ ਹੈ ਜੋ ਪੁਰਖ ਪ੍ਰਧਾਨ ਸਮਾਜ ਦੀ ਪ੍ਰਤਿਨਿਧਤਾ ਵਲ ਖੜੇ ਹਨ । Darrida's De La Grammatologie ਦੇ ਅਨੁਵਾਦ ਨਾਲ ਸਪਾਈਵਾਕ ਪ੍ਰਮੁੱਖਤਾ ਪ੍ਰਾਪਤ ਕਰਦੀ ਹੈ ਜਿਸ ਨੂੰ “ਪ੍ਰਸਤੁਤਾ ਵਿਚ ਸਵੈ ਪ੍ਰਤੀਬਿੰਬਤਾ ਇਕ ਨਵਾਂ ਮਾਪਦੰਡ ਸਥਾਪਤ ਕਰਨਾ” ਦੱਸਿਆ ਗਿਆ ਹੈ । ਐਡਵਰਡ ਸਈਦ ਨੇ ਸਪਾਈਵਾਕ ਦੇ ਕੰਮ ਬਾਰੇ ਲਿਖਿਆ “ਉਸਨੇ ਗੈਰ-ਪੱਛਮੀ ਔਰਤਾਂ ਦੇ ਸਾਹਿਤਕ ਸਿਧਾਂਤ ਦੇ ਅਧਿਐਨ ਦੀ ਸ਼ੁਰੂਆਤ ਕੀਤੀ ਅਤੇ ਉਸ ਭੂਮਿਕਾ ਦਾ ਸਭ ਤੋਂ ਪੁਰਾਣਾ ਅਤੇ ਸਭ ਤੋਂ ਸੂਝਵਾਨ ਬਿਰਤਾਂਤ ਤਿਆਰ ਕੀਤਾ।” 1999 ਵਿਚ ਪ੍ਰਕਾਸ਼ਿਤ ਹੋਇਆ ਉੱਤਰ ਬਸਤੀਵਾਦੀ ਆਲੋਚਨਾ ਦਾ ਇਕ ਲੇਖ ਜਿਸ ਦੀ ਪੜਚੋਲ ਤੋਂ ਪਤਾ ਲਗਦਾ ਹੈ ਉਸ ਨੇ ਯੂਰੋਪ ਦੇ ਲੋਕਾਂ ਨੂੰ ਪੂਰੀ ਤਰ੍ਹਾਂ ਮਨੁੱਖੀ ਵਿਸ਼ਿਆਂ ਉੱਤੇ ਕਬਜ਼ਾ ਕਰਣ ਤੋਂ ਰੋਕਿਆ। ਸਪਾਈਵਾਕ ਨੇ ਬਸਤੀਵਾਦੀ ਢਾਂਚੇ ਦੇ ਮੁੜ ਪੈਦਾ ਹੋਣ ਅਤੇ ਭਵਿੱਖ ਨੂੰ ਵੇਖਦਿਆਂ ਹੋਇਆਂ ‘ਮਨਜੂਰ ਅਾਰੀਆਨਤਾ’ (Sanctioned ignorance) ਦੀ ਧਾਰਦਾ ਦੀ ਸ਼ੁਰੂਆਤ ਕੀਤੀ। ਇਸੇ ਤਰ੍ਹਾਂ ਚਕਰਵਰਤੀ ਜੋ ਬਸਤੀਵਾਦੀ ਆਲੋਚਕਾ ਵਿਚ ਇਕ ਮਹੱਤਵਪੂਰਣ ਸ਼ਖ਼ਸੀਅਤ ਵੀ ਹਨ। ਇਤਿਹਾਸ ਲੇਖਣ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਪ੍ਰਭਾਵਿਤ ਕਰਦੇ ਹੋਏ ਇਸਦੀ ਪੜਚੋਲ ਕਰਦੇ ਹਨ। ਅਜਿਹਾ ਕਰਨ ਨਾਲ ਚਕਰਵਰਤੀ ਨਾ ਸਿਰ ਪੱਛਮੀ ਇਤਿਹਾਸ ਸ਼ਾਸ਼ਤਰ ਦੀ ਆਲੋਚਨਾ ਕਰਦਾ ਹੈ, ਬਲਕਿ ‘ਸਬਅਲਟਰਲ’ ਦੀ ਆਪਣੀ ਨੁਮਾਇੰਦਗੀ ਕਰਨ ਵਿਚ ਅਸਫਲ ਹੋਣ ਤੇ ਵੀ ਧਿਆਨ ਕੇਂਦ੍ਰਿਤ ਕਰਦਾ ਹੈ। ਭਾਰਤ ਸਮੇਤ, ਇਕ ਮੁਖ ਬਿਰਤਾਂਤ ਵਿਚ ਤਬਦੀਲੀਆਂ ਬਣ ਜਾਂਦੀਆਂ ਹਨ। ਜਿਨ੍ਹਾਂ ਨੂੰ “ਯੂਰਪ ਦਾ ਇਤਿਹਾਸ” ਕਿਹਾ ਜਾ ਸਕਦਾ ਹੈ। ਇਨ ਗੈਰ ਪੱਛਮੀ ਇਤਿਹਾਸ ਦੀਆਂ ਸਾਰਥਿਕਤਾ ਨੂੰ ਇਸ ਲਈ ਪਾਲਿਆ ਜਾਂਦਾ ਹੈ ਕਿ ਤੀਜੀ ਦੁਨੀਆਂ ਦੇ ਇਤਿਹਾਸਕਾਰਾਂ ਨੂੰ ਯੂਰੋਪੀਅਨ ਭਾਸ਼ਾਵਾਂ ਵਿਚ ਕੰਮ ਕਰਨ ਦੀ ਜਰੂਰਤ ਮਹਿਸੂਸ ਹੁੰਦੀ ਹੈ।

ਵਿਸ਼ਵੀਕਰਨ ਦੇ ਮੌਜੂਦਾ ਪ੍ਰਸੰਗ ਵਿੱਚ ਵੱਖ-ਵੈਖ ਪਿਛੋਕੜਾਂ ਦੇ ਦਰਮਿਆਨ ਗੱਲਬਾਤ ਦਾ ਮੁੱਦਾ ਹੋਰ ਮਹੱਤਵਪੂਰਨ ਹੋ ਜਾਂਦਾ ਹੈ। ਇਸੇ ਪ੍ਰਕਾਰ ਮਸ਼ਹੂਰ ਆਧੁਨਿਕ ਦਾਰਸ਼ਨਿਕ Homi K. Bhabhia ਨੇ ਆਪਣੇ ਲੇਖ The Location fo Culture ' ਰਾਹੀਂ ਸਭਿਆਚਾਰਕ ਪਰਸਪਰ ਪ੍ਰਭਾਵ ਪ੍ਰਤੱਖ ਤੌਰ ਤੇ ਇਕ ਅਖੌਤੀ ਤੀਜੀ ਥਾਂ (Third

pace) ਵਿਚ ਬਣੇ ਪ੍ਰਵਾਸੀ ਸਾਹਿਤ ਵਿਚ ਝਲਕਦਾ ਹੈ। ਭਾਬਾ ਦਾ ਸਿਧਾਂਤ ਅਜਿਹੀ ਜਗ੍ਹਾ ਦੀ ਹੱਦ ਤੇ ਆਧਾਰਿਤ ਹੈ ਜਿੱਥੇ ਸਭਿਆਚਾਰਕ ਸਰਹੱਦਾ ਇਕ ਦੂਜੇ ਲਈ ਖੁਲਦਿਆਂ ਹਨ, ਅਤੇ ਇਕ ਨਵੇਂ ਉੱਚੇਰੇ (Hybridity) ਸਭਿਆਚਾਰ ਦੀ ਸਿਰਜਣਾ ਕਰਦੀਆਂ ਹੋਈਆਂ ਉਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਜੋੜਦੀਆਂ ਹਨ। ਨਾਲ ਹੀ ਉਨ੍ਹਾਂ ਦੇ ਅੰਤਰ ਨੂੰ ਵੀ ਦਰਸ਼ਾਉਂਦੀਆਂ ਹਨ। ਹਾਈਬ੍ਰਿਡਿਟੀ ਸ਼ਬਦ, ਉੱਤਰ ਬਸਤੀਵਾਦ ਸਭਿਆਚਾਰਕ ਆਲੋਚਨਾ ਵਿਚ ਸਭ ਤੋਂ ਵੱਧ ਆਉਂਦੀ ਧਾਰਣਾਵਾਂ ਵਿੱਚੋਂ ਇੱਕ ਬਣ ਗਿਆ ਹੈ। ਜੋ ਕਈ ਸਭਿਆਚਾਰਾਂ ਨਾਲ ਸੰਬਧਿਤ ਦੋ ਭਾਸ਼ੀ ਅਨੁਵਾਦਕਾਂ ਦੀ ਸਮਝ ਨੂੰ ਦਰਸ਼ਾਉਂਦਾ ਹੈ। ਹੋਮੀ ਭਾਬਾ ਦਾਅਵਾ ਨਹੀਂ ਕਰਦੇ ਕਿ ਅਨੁਵਾਦ ਦੀ ਪ੍ਰਕਿਰਿਆ ਆਪਣੇ ਆਪ ਵਿਚ ਹਾਈਬ੍ਰਿਡਿਟੀ ਵੱਲ ਖੜਦੀ ਹੈ ਉਸ ਦਵਾਰਾ ਦਿੱਤੀ ਇਕ ਹੋਰ ਧਾਰਣਾ ਨਕਲ (Mimacry) ਵਿੱਚ ਉਹ ਯੂਰੋਪੀਅਨ ਗਿਆਨ ਦਵਾਰਾ ਪੇਸ਼ ਕੀਤੇ ਗਏ ਆਦਰਸ਼ਾਂ ਅਤੇ ਬਸਤੀਵਾਦ ਦੀ ਨਕਲ ਨੂੰ ਵਿਗੜੇ ਰੂਪ ਵਿਚ ਦਰਸ਼ਾਉਂਦਾ ਹੈ। ਭਾਬਾ ਦੇ ਸੰਕਲਪ ਅਨੁਸਾਰ, ਨਕਲ ਇਸ ਤਰ੍ਹਾਂ ਦਿਖਾਈ ਦਿੰਦੀ ਹੈ ਜਦੋਂ ਇਕ ਬਸਤੀਵਾਦੀ ਸਮਾਜ ਦੇ ਮੈਂਬਰ ਉਪਨਿਵੇਸ਼ਕਾਂ ਦੇ ਸਭਿਆਚਾਰ ਦੀ ਨਕਲ ਕਰਦੇ ਅਤੇ ਲਾਗੂ ਕਰਦੇ ਹਨ। ਲਾਕਨ ਦਾ ਦਾਅਵਾ ਹੈ, ‘‘ਨਕਲ ਦਾ ਪ੍ਰਭਾਵ ਛਾਪਾ ਹੈ.... ਇਹ ਪਿਛੋਕੜ ਨਾਲ ਮੇਲ ਖਾਂਦੀ ਨਹੀਂ, ਬਲਕਿ ਇਕ ਗੰਧਲੇ ਪਿਛੋਕੜ ਦੇ ਵਿਰੁਧ ਹੈ।’’ ਬਸਤੀਵਾਦੀ ਨਕਲ ਇਕ ਸੁਧਾਰਵਾਦੀ ਪਛਾਣਨ ਯੋਗ ਲਈ ਹੋਰ ਬਸਤੀਵਾਦੀ ਦੀ ਇੱਛਾ ਤੋਂ ਆਉਂਦੀ ਹੈ। ਜਿਵੇਂ ਭਾਬਾ ਕਹਿੰਦੇ ਹਨ, ‘‘ਲਗਭਗ ਉਹੀ, ਪਰ ਕਾਫੀ ਨਹੀ’’ ਇਸ ਤਰ੍ਹਾਂ, ਨਕਲ ਇਕ ਦੋਹਰੀ ਭਾਵਨਾ ਦਾ ਸੰਕੇਤ ਹੈ, ਇਕ ਰਣਨੀਤੀ ਜੋ ਦੂਜਿਆਂ ਨੂੰ ਨਿਰਧਾਰਤ ਕਰਦੀ ਹੈ। ਜਿਵੇਂ ਕਿ ਇਹ ਸ਼ਕਤੀ ਨੂੰ ਦਰਸਾਉਂਦੀ ਹੈ। ਇਸ ਨੂੰ ਅਨੁਸ਼ਾਸ਼ਨੀ ਸ਼ਕਤੀਆਂ ਲਈ ਗੰਭੀਰ ਖਤਰਾ ਪੈਦਾ ਕਰਨ ਵਾਲੀ ਦੱਸਿਆ ਹੈ। ਇਸ ਤਰ੍ਹਾਂ ਨਕਲਵਾਦ ਬਸਤੀਵਾਦੀ ਨਸ਼ੀਲੀ ਪਛਾਣ ਵਜੋਂ ਨਹੀਂ ਦਰਸ਼ਾਉਂਦਾ, ਜਿਸ ਵਿਚ ਬਸਤੀਵਾਦੀ ਆਪਣੀ ਪਛਾਣ ਵਿਚ ਮੌਜੂਦ ਬਸਤੀਵਾਦੀ ਦੇ ਬਗੈਰ ਇਕ ਵਿਅਕਤੀ ਬਣਨਾ ਬੰਦ ਕਰ ਦਿੰਦਾ ਹੈ। ਉਹ ਨਕਲ ਨੂੰ ਇਕ ਦੋਹਰੀ ਨਜ਼ਰ ਦੇ ਰੂਪ ਵਿਚ ਵੇਖਦਾ ਹੈ ਜੋ ਬਸਤੀਵਾਦੀ ਭਾਸ਼ਣ ਦੀ ਅਣਹੋਂਦ ਦਾ ਖੁਲਾਸਾ ਕਰਨ ਨਾਲ ਇਸਦੇ ਅਧਿਕਾਰ ਨੂੰ ਵੀ ਵਿਗਾੜਦਾ ਹੈ ਅਤੇ ਇਹ ਇਕ ਦੋਹਰੀ ਨਜ਼ਰ ਹੈ ਜੋ ਉਸ ਦੇ ਨਤੀਜੇ ਵਜੋਂ ਬਸਤੀਵਾਦੀ ਵਸਤੂ ਦੀ ਅੰਸ਼ਕ ਪ੍ਰਤੀਨਿਧਤਾ ਦੇ ਤੌਰ ਤੇ, ਦੁਗਣਾ ਕਰਨ ਦੇ ਆਂਕੜੇ ਦੇ ਰੂਪ ਵਿਚ ਅਣਉਚਿਤ ਬਸਤੀਵਾਦੀ ਵਿਸ਼ੇ ਵਜੋਂ ਉਭਰਦੇ ਹਨ।

ਕੁਝ ਹੋਰ ਆਲੋਚਕਾਂ ਜਿਵੇਂ Mcleod ਅਨੁਸਾਰ ਉੱਤਰ ਬਸਤੀਵਾਦ ਸ਼ਬਦ ਆਪਣੇ ਆਪ ਵਿਚ ਬਹੁਤ ਡੂੰਘਾ ਹੈ ਕਿਉਂਕਿ ਇਸ ਵਿਚ ਉੱਤਰ ਬਸਤੀਵਾਦ ਦੇ ਅੰਦਰ ਸਭ ਕੁਝ ਸ਼ਾਮਿਲ ਕੀਤਾ ਜਾ ਸਕਦਾ ਹੈ। ਉਸ ਅਨੁਸਾਰ ਇਸ ਸ਼ਬਦ ਦੀ ਕੋਈ ਨਿਸ਼ਚਿਤ ਪਰਿਭਾਸ਼ਾ ਨਹੀਂ ਹੈ। ਇਹ ਸੰਕਲਪ ਸਾਡੀਆਂ ਜਮ ਚੁਕੀਆਂ ਚਿੰਤਨ ਦੀਆਂ ਆਦਤਾਂ ਨੂੰ ਤੋੜਨ ਦਾ ਯਤਨ ਕਰਦਾ ਹੈ । Mcleod ਉੱਤਰ ਬਸਤੀਵਾਦ ਅਤੇ ‘ਕਾਮਨਵੈਲਥ’ ਦੇ ਅੰਤਰ ਨੂੰ ਨਿਰਧਾਰਿਤ ਕਰਦਾ ਹੋਇਆ ਉੱਤਰ ਬਸਤੀਵਾਦ ਦੇ ਕਾਮਨਵੈਲਥ ਸਾਹਿਤ ਦੀ ਭੂਗੋਲਿਕ ਵੰਡ ਨੂੰ ਅਣ-ਆਲੋਚਨਾਤਮਕ ਢੰਗ ਨਾਲ ਸਵੀਕਾਰ ਕਰਦਾ ਹੈ ਅਤੇ ਨਾਲ ਹੀ ਉਹ ਉੱਤਰ ਬਸਤੀਵਾਦ ਦੇ ਭਿੰਨ ਪ੍ਰਕਾਰ ਦੇ ਅਨੁਭਵਾਂ ਵਿਚ ਕੋਈ ਵਖਰੇਵਾਂ ਨਹੀਂ ਕਰਦਾ। ਇਕ ਹੋਰ ਨਾਰੀਵਾਦੀ ਚਿੰਤਕ Carole Boyec ਨੇ ਉੱਤਰ ਬਸਤੀਵਾਦ ਵਿਚ ਮਰਦਾ ਨੂੰ ਔਰਤ ਨਾਲ ਜਿਆਦਾ ਅਧਿਕਾਰ ਦੇਣ ਦਾ ਦੋਸ਼ੀ ਦੱਸਦੀ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਉੱਤਰ ਬਸਤੀਵਾਦ ਵਿਚ ਵੀ ਆਲੋਚਕਾਂ ਦੀ ਸੋਚ ਮਰਦ ਪ੍ਰਧਾਨ ਸੋਚ ਨੂੰ ਦਰਸਾਉਂਦੀ ਹੈ।

ਭਾਵੇਂ ਉੱਤਰ ਬਸਤੀਵਾਦ ਸਿਧਾਂਤਕ ਤੌਰ ਤੇ ਜੁਝਾਰਵਾਦੀ ਅਤੇ ਵਿਦਰੋਹੀ ਪਹੁੰਚ ਰਖਦਾ ਹੈ ਪਰ ਇਸ ਨੂੰ ਨਵ-ਬਸਤੀਵਾਦ ਤੋਂ ਅਲਗ ਨਹੀਂ ਕੀਤਾ ਜਾ ਸਕਦਾ ਕਿਉਂਕਿ ਆਧੁਨਿਕ ਸਮੇਂ ਵਿਚ ਉੱਤਰ ਬਸਤੀਵਾਦ ਵਿਚ ਹੀ ਬਸਤੀਵਾਦ, ਨਵ-ਬਸਤੀਵਾਦ ਦੇ ਰੂਪ ਵਿਚ ਉਭਰ ਕੇ ਸਾਹਮਦੇ ਆ ਰਿਹਾ ਹੈ। ਇਸੇ ਤਰ੍ਹਾਂ ਉੱਤਰ ਬਸਤੀਵਾਦ ਭਾਰਤ ਅਤੇ ਪੱਛਮ ਵਿਚਲੀ ਸਭਿਅਤਾ ਦੀ ਵਿਸ਼ਾਲ ਅੰਤਰਕ੍ਰਿਆ ਨੂੰ ਵੀ ਦਰਸ਼ਾਉਂਦਾ ਹੈ। Homi Bhabha ਅਤੇ Spivak ਭਾਵੇਂ ਭਾਰਤ ਵਰਗੇ ਬਸਤੀਕ੍ਰਿਤ ਮੁਲਕਾਂ ਵਿਚੋਂ ਪ੍ਰਵਾਸ ਕਰਕੇ ਬਾਹਰਲੇ ਮੁਲਕਾਂ ਵਿਚ ਜਾ ਕੇ ਅੱਜ ਉੱਤਰ ਬਸਤੀਵਾਦ ਦੀ ਸੋਚ ਨੂੰ ਇਕ ਸੰਕਲਪ ਵਜੋਂ ਹਾਮੀ ਭਰੀ ਹੈ ਪਰੰਤੂ ਅੱਜ ਵੀ ਬਸਤੀਕ੍ਰਿਤ ਮੁਲਕਾਂ ਨੂੰ ਇਕ ਵਾਰ ਫਿਰ ਬਸਤੀਆਂ ਬਣਾਉਣ ਦੀ ਦਿਲਚਸਪ ਕੋਸ਼ਿਸ਼ ਹੋ ਰਹੀ ਹੈ। ਇਹ ਕੋਸ਼ਿਸ਼ ਵਿਚ ਪੱਛਮੀ ਯੂਨੀਵਰਸਿਟੀਆਂ ਵਲੋਂ ਤਤਕਾਲ ਵਿਚ ਸਭਿਆਚਾਰਕ ਵਖਰੇਵਿਆਂ ਨੂੰ ਕੇਂਦਰੀ ਮੁੱਦਾ ਬਣਾ ਕੇ ਕੀਤੀ ਜਾ ਰਹੀ ਹੈ।

ਉੱਤਰਬਸਤੀਵਾਦੀ ਚਿੰਤਨ ਸਮਕਾਲੀ ਪੂੰਜੀਵਾਦੀ ਪ੍ਰਵਿਰਤੀਆਂ ਨਾਲ ਜੁੜੀਆ ਹੋਇਆ ਹੈ। ਬਸਤੀਵਾਦ ਤੋਂ ਬਾਅਦ ਦੀ ਆਲੋਚਨਾ ਸੁਝਾਉਂਦੀ ਹੈ। ਕਿ ਇਹ ਸਿਧਾਂਤ ਪੱਛਮੀ ਵਿਦਵਾਨਾਂ ਦੁਆਰਾ ਬਣਾਇਆ ਅਤੇ ਮੁੜ ਬਣਾਇਆ ਗਿਆ ਹੈ ਅਤੇ ਇਸ ਬਸਤੀਵਾਦੀ ਸਿਧਾਂਤ, ਬਸਤੀਵਾਦ ਅਤੇ ਉੱਤਰ ਬਸਤੀਵਾਦ ਦੇ ਨਿਰੰਤਰ ਪ੍ਰਵਾਹ ਬਾਰੇ ਮਹੱਤਵਪੂਰਣ ਸੂਝ ਦੇਣ ਦੀ ਕੋਸ਼ਿਸ਼ ਕਰਦਾ ਹੋਇਆ ਸਾਮਰਾਜੀ ਪ੍ਰਕਿਰਿਆ ਦੇ ਸਾਰੇ ਪਹਿਲੂਆਂ ਤੇ ਧਿਆਨ ਕੇਂਦ੍ਰਿਤ ਕਰਦਾ ਹੈ। ਬਸਤੀਵਾਦੀ ਸੰਪਰਕ ਦੀ ਸ਼ੁਰੂਆਤ ਤੋਂ ਲੈ ਕੈ ਬਸਤੀਵਾਦੀ ਸ਼ਕਤੀਆਂ ਦੀਆਂ ਅਸਮਾਨਤਾਵਾਂ ਨੂੰ ਉੱਤਰ ਬਸਤੀਵਾਦ ਰਾਹੀਂ ਪ੍ਰਗਟਾਇਆ ਜਾ ਸਕਦਾ ਹੈ।

## ਹਵਾਲੇ ਤੇ ਟਿੱਪਣਿਆਂ

1. ਸੁਰਜੀਤ ਸਿੰਘ ਭੱਟੀ ਵਾਦ ਚਿੰਤਲ, ਚੇਤਨਾ ਪ੍ਰਕਾਸ਼ਨ, ਲੁਧਿਆਣਾ

2. https:/ / shodhagana.ifnlipnet.ac.in

3. http:// en.m.wikipedia.org/wiki/homik_bhatha

4. http://eujournal.org/index

5.http://en.m.wikipedia.org/wiki/gaytri_spiwak